ਆਪਣੇ ਅਧਿਕਾਰ ਜਾਣੋ: ਨਿਊ ਜਰਸੀ ਵਿੱਚ ਪ੍ਰਵਾਸੀਆਂ ਲਈ ਵਪਾਰਕ ਡਰਾਈਵਿੰਗ ਲਾਇਸੈਂਸ

ਅਮਰੀਕਾ ਦੇ ਆਵਾਜਾਈ ਵਿਭਾਗ ਦੇ ਫਰਵਰੀ 2026 ਦੇ ਅੰਤਿਮ ਨਿਯਮ ਦੇ ਪ੍ਰਭਾਵ

13 ਫਰਵਰੀ, 2026 ਨੂੰ, ਯੂ.ਐਸ. ਟਰਾਂਸਪੋਰਟੇਸ਼ਨ ਵਿਭਾਗ ਨੇ ਇੱਕ ਅੰਤਿਮ ਨਿਯਮ ਛਾਪਿਆ ਗਿਆ ਹੈ। ਇਹ 16 ਮਾਰਚ, 2026 ਨੂੰ ਲਾਗੂ ਹੋਇਆ ਸੀ ਅਤੇ ਚੱਲ ਰਹੇ ਮੁਕੱਦਮੇ ਦੇ ਬਾਵਜੂਦ ਲਾਗੂ ਹੈ।

ਅੰਤਿਮ ਨਿਯਮ ਅਨੁਸਾਰ ਰਾਜਾਂ ਲਈ ਇਹ ਲਾਜ਼ਮੀ ਹੈ ਕਿ ਉਹ ਡਰਾਈਵਰਾਂ ਦੇ ਇਮੀਗ੍ਰੇਸ਼ਨ ਦਰਜੇ (immigration status) ਦੀ ਪੁਸ਼ਟੀ ਕਰਨ ਵਾਸਤੇ 'ਸਿਸਟਮੈਟਿਕ ਏਲੀਅਨ ਵੈਰੀਫਿਕੇਸ਼ਨ ਫਾਰ ਐਨਟਾਈਟਲਮੈਂਟਸ' (SAVE) ਨਾਮਕ ਸੰਘੀ ਡਾਟਾਬੇਸ ਦੀ ਵਰਤੋਂ ਕਰਨ। ਇਸ ਮਕਸਦ ਲਈ 'ਰੁਜ਼ਗਾਰ ਅਧਿਕਾਰ ਦਸਤਾਵੇਜ਼' (EAD)—ਜਿਸ ਨੂੰ ਆਮ ਤੌਰ 'ਤੇ "ਵਰਕ ਪਰਮਿਟ" ਕਿਹਾ ਜਾਂਦਾ ਹੈ—ਨੂੰ ਹੁਣ ਸਵੀਕਾਰ ਨਹੀਂ ਕੀਤਾ ਜਾਂਦਾ।

ਕੌਣ ਪ੍ਰਭਾਵਿਤ ਹੁੰਦਾ ਹੈ

ਰਾਜ ਸਿਰਫ਼ ਉਨ੍ਹਾਂ ਡਰਾਈਵਰਾਂ ਨੂੰ ਹੀ 'ਗੈਰ-ਰਿਹਾਇਸ਼ੀ ਵਪਾਰਕ ਡਰਾਈਵਰ ਲਾਇਸੰਸ' (CDLs) ਜਾਂ 'ਵਪਾਰਕ ਸਿਖਿਆਰਥੀ ਪਰਮਿਟ' (CLPs) ਜਾਰੀ ਜਾਂ ਨਵਿਆ ਸਕਦੇ ਹਨ ਜਿਨ੍ਹਾਂ ਕੋਲ H-2A, H-2B, ਜਾਂ E-2 ਵੀਜ਼ਾ ਹੈ।

ਨਿਊ ਜਰਸੀ ਮੋਟਰ ਵਹੀਕਲ ਕਮਿਸ਼ਨ (NJVMC) ਨੇ ਉਨ੍ਹਾਂ ਵਿਅਕਤੀਆਂ ਨੂੰ 'ਗੈਰ-ਨਿਵਾਸੀ' (Non-Domiciled) CDL ਅਤੇ CLP ਜਾਰੀ ਕਰਨੇ ਬੰਦ ਕਰ ਦਿੱਤੇ ਹਨ ਜੋ ਨਾਗਰਿਕ, ਕਾਨੂੰਨੀ ਸਥਾਈ ਨਿਵਾਸੀ (lawful permanent residents) ਜਾਂ H-2A, H-2B ਜਾਂ E-2 ਵੀਜ਼ਾ ਧਾਰਕ ਨਹੀਂ ਹਨ। ਨਿਊ ਜਰਸੀ ਹੋਰ ਵੀਜ਼ਿਆਂ ਜਾਂ ਇਮੀਗ੍ਰੇਸ਼ਨ ਸਥਿਤੀਆਂ ਵਾਲੇ ਡਰਾਈਵਰਾਂ ਨੂੰ CDL ਜਾਂ CLP ਜਾਰੀ ਜਾਂ ਨਵਿਆ (renew) ਨਹੀਂ ਕਰ ਸਕਦਾ।

ਪ੍ਰਭਾਵਿਤ ਡਰਾਈਵਰਾਂ ਵਿੱਚ ਸ਼ਾਮਲ ਹਨ:

- ਸ਼ਰਨ ਦੇ ਬਿਨੈਕਾਰ
- DACA ਪ੍ਰਾਪਤਕਰਤਾ
- ਸ਼ਰਨ ਪ੍ਰਾਪਤ ਕਰਨ ਵਾਲੇ/ਸ਼ਰਨਾਰਥੀ
- U- ਅਤੇ T-ਵੀਜ਼ਾ ਵਾਲੇ ਲੋਕ
- ਆਰਜ਼ੀ ਸੁਰੱਖਿਅਤ ਦਰਜਾ (TPS) ਧਾਰਕ
- ਮੁਲਤਵੀ ਕਾਰਵਾਈ (deferred action) ਅਤੇ ਮਾਨਵਤਾਵਾਦੀ ਪੈਰੋਲ ਵਾਲੇ ਲੋਕ

ਜੇਕਰ ਤੁਹਾਡਾ CDL ਜਾਂ CLP ਅਜੇ ਵੀ ਵੈਧ ਹੈ...

ਤੁਸੀਂ ਉਦੋਂ ਤੱਕ ਵਪਾਰਕ ਵਾਹਨ ਚਲਾ ਸਕਦੇ ਹੋ ਜਦੋਂ ਤੱਕ ਮੋਟਰ ਵਹੀਕਲ ਕਮਿਸ਼ਨ (MVC) ਤੁਹਾਡੇ 'ਨਾਨ-ਡੋਮੀਸਾਈਲਡ' (ਗੈਰ-ਨਿਵਾਸੀ) CDL ਜਾਂ CLP ਦਾ ਦਰਜਾ ਘੱਟ ਨਹੀਂ ਕਰਦਾ ਜਾਂ ਉਸਨੂੰ ਰੱਦ ਨਹੀਂ ਕਰਦਾ। ਗੱਡੀ ਚਲਾਉਣ ਤੋਂ ਪਹਿਲਾਂ, ਇਹ ਪੱਕਾ ਕਰ ਲਵੋ ਕਿ ਤੁਹਾਡਾ ਲਾਇਸੰਸ ਅਜੇ ਵੀ ਵੈਧ (ਚੱਲਣਯੋਗ) ਹੈ। ਤੁਸੀਂ https://www.nj.gov/mvc/online-services.html 'ਤੇ ਜਾ ਕੇ ਆਪਣੇ ਲਾਇਸੰਸ ਦੀ ਸਥਿਤੀ ਆਨਲਾਈਨ ਦੇਖ ਸਕਦੇ ਹੋ। ਤੁਹਾਨੂੰ ਇਹ ਵੀ ਪੱਕਾ ਕਰ ਲੈਣਾ ਚਾਹੀਦਾ ਹੈ ਕਿ NJMVC ਕੋਲ ਤੁਹਾਡਾ ਸਹੀ ਡਾਕ (ਮੇਲ) ਅਤੇ/ਜਾਂ ਈਮੇਲ ਪਤਾ ਮੌਜੂਦ ਹੈ।

ਜੇਕਰ ਮੈਨੂੰ ਰਸਤੇ ਵਿੱਚ ਰੋਕਿਆ ਜਾਂਦਾ ਹੈ ਅਤੇ ਅਧਿਕਾਰੀ ਨੂੰ ਪਤਾ ਲੱਗਦਾ ਹੈ ਕਿ ਮੇਰਾ CDL ਜਾਂ CLP ਰੱਦ ਕਰ ਦਿੱਤਾ ਗਿਆ ਹੈ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

- ਸ਼ਾਂਤ ਰਹੋ
- ਤੁਹਾਨੂੰ ਚੁੱਪ ਰਹਿਣ ਦਾ ਹੱਕ ਹੈ।
- ਤੁਹਾਨੂੰ ਆਪਣੀ ਇਮੀਗ੍ਰੇਸ਼ਨ ਸਥਿਤੀ ਜਾਂ ਮੂਲ ਦੇਸ਼ ਬਾਰੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ।
- ਤੁਸੀਂ ਪੁੱਛ ਸਕਦੇ ਹੋ ਕਿ ਤੁਹਾਨੂੰ ਕਿਉਂ ਰੋਕਿਆ ਗਿਆ ਸੀ।
- ਉਸ ਅਧਿਕਾਰੀ ਦਾ ਨਾਮ, ਬੈਜ ਨੰਬਰ ਅਤੇ ਏਜੰਸੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ ਜਿਸਨੇ ਤੁਹਾਨੂੰ ਰੋਕਿਆ ਹੈ।
- ਰੁਕਣ ਦੀ ਘਟਨਾ ਬਾਰੇ ਲਿਖੋ ਜਾਂ ਆਵਾਜ਼ੀ ਸੁਨੇਹਾ ਰਿਕਾਰਡ ਕਰੋ; ਇਸ ਵਿੱਚ ਸਥਾਨ, ਗੱਡੀ ਚਲਾਉਣ ਦੇ ਹਾਲਾਤ ਅਤੇ ਕਿਸੇ ਹੋਰ ਡਰਾਈਵਰ ਬਾਰੇ ਜਾਣਕਾਰੀ ਸ਼ਾਮਲ ਕਰੋ ਜਿਨ੍ਹਾਂ ਨੂੰ ਤੁਸੀਂ ਉੱਥੇ ਰੁਕੇ ਹੋਏ ਦੇਖਿਆ।
- ਜੇਕਰ ਰੁਕਣ ਦੀ ਘਟਨਾ ਤੋਂ ਬਾਅਦ ਤੁਹਾਡੇ ਕੋਲ ਹੋਰ ਸਵਾਲ ਹਨ, ਤਾਂ ਨਾਗਰਿਕ ਅਧਿਕਾਰਾਂ ਦੇ ਵਕੀਲ ਨਾਲ ਸੰਪਰਕ ਕਰੋ।

ਅੱਗੇ ਕੀ ਹੋ ਸਕਦਾ ਹੈ

ਜੇਕਰ ਤੁਹਾਨੂੰ ਪਹਿਲਾਂ ਇਹ ਸੂਚਨਾ ਨਹੀਂ ਮਿਲੀ ਸੀ ਕਿ ਤੁਹਾਡਾ CDL ਜਾਂ CLP ਰੱਦ ਕਰ ਦਿੱਤਾ ਗਿਆ ਹੈ, ਤਾਂ ਉਸ ਸਮੇਂ ਤੱਕ ਆਪਣਾ ਵਪਾਰਕ ਵਾਹਨ ਚਲਾਉਣ ਲਈ ਤੁਹਾਨੂੰ ਕੋਈ ਜੁਰਮਾਨਾ ਨਹੀਂ ਲੱਗਣਾ ਚਾਹੀਦਾ।

ਹਾਲਾਂਕਿ, ਟ੍ਰੈਫਿਕ ਰੋਕ ਦੌਰਾਨ ਅਧਿਕਾਰੀ ਤੁਹਾਨੂੰ ਇਹ ਦੱਸ ਸਕਦਾ ਹੈ ਕਿ ਤੁਸੀਂ ਹੁਣ ਵਪਾਰਕ ਵਾਹਨ ਚਲਾਉਣ ਦੇ ਯੋਗ ਨਹੀਂ ਰਹੇ। ਅਜਿਹੀ ਸਥਿਤੀ ਵਿੱਚ, ਤੁਹਾਡੇ ਵਾਹਨ ਅਤੇ ਉਸ ਵਿੱਚ ਲੱਦੇ ਸਾਮਾਨ ਨੂੰ ਜ਼ਬਤ ਕੀਤਾ ਜਾ ਸਕਦਾ ਹੈ, ਅਤੇ ਤੁਹਾਨੂੰ ਘਰ ਪਹੁੰਚਣ ਲਈ ਕਿਸੇ ਹੋਰ ਸਾਧਨ ਦਾ ਪ੍ਰਬੰਧ ਕਰਨਾ ਪੈ ਸਕਦਾ ਹੈ।

ASIAN AMERICAN LEGAL DEFENSE & EDUCATION FUND

AAPI NEW JERSEY